# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ), ਬਠਿੰਡਾ।

ਸੇਵਾ ਵਿਖੇ

ਸਮੂਹ ਸਕੂਲ ਮੁੱਖੀ,
ਸਹਸ/ਸਸਸਸ
ਜ਼ਿਲ੍ਹਾ ਬਠਿੰਡਾ।

ਪੱਤਰ ਨੰ:ਜੀ-5/1()/2024/1975 ਮਿਤੀ:ਬਠਿੰਡਾ 12-08-2024

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ 2024-25 ਦੇ ਵਿਦਿਆਰਥੀਆਂ ਨੂੰ NSP ਤੇ ਅਪਲਾਉਣ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਅਨੁਸਾਰ ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ NSP ਤੇ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਕੰਪੋਨੈਂਟ 1 ਅਤੇ ਕੰਪੋਨੈਂਟ 2 ਅਧੀਨ ਵਜੀਫਾ ਅਪਲਾਈ ਹੋ ਰਿਹਾ ਹੈ।ਸੋ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ 9ਵੀਂ ਅਤੇ 10ਵੀਂ ਕਲਾਸ ਦੇ ਵਿਦਿਆਰਥੀਆਂ ਦੇ ਦਸਤਾਵੇਜ਼ ਚੰਗੀ ਤਰ੍ਹਾਂ ਵੈਰੀਫਾਈ ਕਰ ਲਏ ਜਾਣ ਅਤੇ ਉਸ ਤੋਂ ਬਾਅਦ ਹੀ ਵਿਦਿਆਰਥੀਆਂ ਨੂੰ ਅਪਲਾਈ ਕਰਵਾਇਆ ਜਾਵੇ।ਸਾਲ 2023-24 ਦੌਰਾਨ ਦੇਖਣ ਵਿੱਚ ਆਇਆ ਸੀ ਕਿ ਬਹੁੱਤ ਅਜਿਹੇ ਵਿਦਿਆਰਥੀ ਸਨ ਜਿਨ੍ਹਾਂ ਦੇ ਦਸਤਾਵੇਜ਼ ਪੂਰੇ ਨਹੀਂ ਸਨ ਅਤੇ ਵਜੀਫੇ ਲਈ ਵਾਂਝੇ ਰਹਿ ਗਏ ਸਨ।ਸੋ ਸਾਲ 2024-25 ਦੌਰਾਨ ਇਸ ਤੇ ਖਾਸ ਧਿਆਨ ਦਿੱਤਾ ਜਾਵੇ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਵਜੀਫਾ ਅਪਲਾਈ ਕਰਵਾਉਣਾ ਹੈ ਅਤੇ ਵਿਦਿਆਰਥੀਆਂ ਨੂੰ ਵਾਰ ਵਾਰ ਵਜੀਫੇ ਪ੍ਰਤੀ ਜਾਗਰੂਕ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

ਜਿਹੜੇ ਸਕੂਲਾਂ ਦੇ ਨੋਡਲ ਅਫਸਰ ਅਤੇ ਹੈੱਡ ਬਦਲ ਗਏ ਹਨ, ਉਹਨਾਂ ਸਕੂਲਾਂ ਦੇ ਨਵੇਂ ਵਜੀਫਾ ਨੋਡਲ ਅਫਸਰ ਨਿਯੁਕਤ ਕੀਤੇ ਜਾਣ ।ਜੇਕਰ ਕਿਸੇ ਸਕੂਲ ਦੇ ਹੈੱਡ ਜਾਂ ਪ੍ਰਿੰਸੀਪਲ ਦੀ ਪੋਸਟ ਖਾਲੀ ਹੈ, ਉਥੇ ਸਕੂਲ ਦੇ ਇੰਚਾਰਜ ਨੂੰ ਸਕੂਲ ਦਾ ਹੈੱਡ ਨਿਯੁਕਤ ਕੀਤਾ ਜਾਵੇ।ਇਸ ਦੇ ਸਬੰਧ ਵਿੱਚ ਜਲਦ ਹੀ ਇਸ ਦਫਤਰ ਵੱਲੋਂ ਪੱਤਰ ਜਾਰੀ ਕੀਤਾ ਜਾਵੇਗਾ ਕਿ ਬਦਲੇ ਹੋਏ ਹੈੱਡ ਅਤੇ ਨੋਡਲ ਅਫਸਰ ਦੀ ਬਾਇਓਮੈਟ੍ਰਿਕ ਕਰਵਾਈ ਜਾਵੇਗੀ ਅਤੇ ਨਿਸਚਿਤ ਮਿਤੀ ਤੇ ਇਸ ਦਫਤਰ ਵਿਖੇ ਬੁਲਾਇਆ ਜਾਵੇਗਾ।

ਜੇਕਰ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਕੰਪੋਨੈਂਟ 1 ਅਤੇ ਕੰਪੋਨੈਂਟ 2 ਸਾਲ 2024-25 ਅਧੀਨ ਕੋਈ ਵੀ ਯੋਗ ਵਿਦਿਆਰਥੀ ਵਜੀਫੇ ਲਈ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਅਤੇ ਸਕੂਲ ਦੇ ਵਜੀਫਾ ਨੋਡਲ ਅਫਸਰ ਦੀ ਨਿੱਜੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ
1973 12/8/24

Scanned with OKEN Scanner